The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

13 April 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਪ੍ਰਧਾਨ ਮੰਤਰੀ ਜੈਸ਼ਿੰਦਾ ਆਰਡਨ ਨੂੰ ਮੌਤ ਦੇ ਧਮਕੀ ਦੇਣ ਵਾਲੀ ਲੜਕੀ ਨੂੰ ਮਿਲੀ ਜ਼ਮਾਨਤ



ਆਕਲੈਂਡ : (ਐਨ. ਜ਼ੈਡ. ਤਸਵੀਰ ਬਿਓਰੋ): ਬੀਤੇ ਮਹੀਨ ਕ੍ਰਾਈਸਚਰਚ ਵਿਚ ਹੋਏ ਹਿੰਸਕ ਹਮਲੇ ਤੋਂ ਬਾਅਦ ਉਤਰੀ ਆਇਰਲੈਂਡ ਵਿਚ ਰਹਿਣ ਵਾਲੀ ਇੱਕ ਨੌਜਵਾਨ ਲੜਕੀ ਨੇ ਪ੍ਰਧਾਨ ਮੰਤਰੀ ਜੈਸ਼ਿੰਦਾ ਆਰਡਨ ਦੇ ਖਿਲਾਫ ਸੋਸ਼ਲ ਮੀਡੀਆ 'ਤੇ ਮੌਤ ਦੀ ਧਮਕੀ ਦੇਣ ਦੇ ਦੋਸ਼ ਲਗਾਏ ਸਨ। ਜਿਸ ਦੀ ਪਛਾਣ 19 ਸਾਲਾ ਮੈਥਿਊ ਬਰਨਜ਼ ਵਜੋਂ ਹੋਈ ਸੀ ਅਤੇ ਉਸ ਨੂੰ ਕੁਝ ਸਮੇਂ ਬਾਅਦ ਗ੍ਰਿਫਤਾਰ ਵੀ ਕਰ ਲਿਆ ਗਿਆ ਸੀ। ਮੈਥਿਊ ਨੂੰ ਅੱਜ ਹੈਮਿਲਟਨ ਜ਼ਿਲ੍ਹਾ ਅਦਾਲਤ ਨੇ ਸਖ਼ਤ ਹਦਾਇਤਾਂ ਦੇ ਬਾਅਦ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ। ਮੈਥਿਊ ਨੇ ਬੰਦੂਕ ਦੇ ਇੱਕ ਚਿੱਤਰ ਬਣਾ ਕੇ ਉਸ ਦੇ ਸਾਇਲੈਂਸਰ 'ਤੇ ਪ੍ਰਧਾਨ ਮੰਤਰੀ ਦੀ ਫੋਟੋ ਲਗਾਉਣ ਦੇ ਦੋਸ ਲੱਗੇ ਹਨ। ਉਸ ਨੇ ਲਿਖਿਆ ਹੈ ਕਿ ਪਹਿਲਾਂ 50 ਵਿਅਕਤੀ ਮਰੇ ਹਨ, ਅਗਲਾ ਨੰਬਰ ਤੁਹਾਡਾ ਹੈ। ਅਤਿਵਾਦੀ ਹਮਲੇ ਦੇ ਜੁਆਬ ਦੇਣ ਦੇ ਲਈ ਪ੍ਰਧਾਨ ਮੰਤਰੀ ਦੀ ਵਿਸ਼ਵ ਭਰ ਵਿਚ ਪ੍ਰਸ਼ੰਸਾ ਹੋਈ ਸੀ ਉਤਰੀ ਆਇਰਲੈਂਡ ਦੀ ਸਾਇਬਰ ਕ੍ਰਾਈਮ ਯੂਨਿਟ ਦੀ ਪੁਲਿਸ ਸੇਵਾ ਦੇ ਆਈ. ਪੀ. ਐਡਰੈਸ ਟ੍ਰੈਸ ਕਰਕੇ ਉਕਤ ਲੜਕੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਥੇ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਮੈਥਿਊ ਨੇ ਪਹਿਲਾਂ ਵੀ ਇੱਕ ਵਾਰ ਲੰਡਨ ਦੇ ਮੇਅਰ ਸਾਦਿਕ ਖਾਨ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ।

## ਪਾਪਾਟੋਏ ਟੋਏ ਵਿਚ ਚੱਲੀ ਗੋਲੀ ਦੀ ਪੁਲਿਸ ਵੱਲੋਂ ਜਾਂਚ ਸ਼ੁਰੂ



ਪਾਪਾਟੋਏਟੋਏ (ਐਨ. ਜ਼ੈਡ. ਤਸਵੀਰ ਬਿਓਰੋ) : ਆਕਲੈਂਡ ਦੇ ਪਾਪਾਟੋਏਟੋਏ ਵਿਚ ਚੱਲੀ ਗੋਲੀ ਦੀ ਪੁਲਿਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਦੇ ਬੁਲਾਰੇ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਦੁਪਹਿਰ 2.00 ਵਜੇ ਗੋਲੀ ਦੀ ਘਟਨਾ ਸੰਬੰਧੀ ਜਾਣਕਾਰੀ ਮਿਲੀ ਸੀ। ਉਨ੍ਹਾਂ ਕਿਹਾ ਕਿ ਵਰਤਮਾਨ ਸਮੇਂ ਵਿਚ ਪੁਲਿਸ ਤਤਕਾਲੀ ਕਾਰਨਾਂ ਦਾ ਪਤਾ ਲਗਾ ਰਹੀ ਹੈ ਕਿ ਗੋਲੀ ਚੱਲਣ ਦੇ ਮੁੱਢਲੇ ਕਾਰਨ ਕੀ ਸਨ।

## 18 ਦਿਨਾਂ ਦੇ ਪੁਨਰ ਨਿਰਮਾਣ ਮਗਰੋਂ ਵਾਈਏ ਪੁੱਲ ਮੁੜ ਖੁਲ੍ਹਿਆ

ਆਕਲੈਂਡ : (ਐਨ. ਜ਼ੈਡ. ਤਸਵੀਰ ਬਿਓਰੋ) ਫ੍ਰਾਂਸ ਜੋਸੇਫ ਨੇੜੇ ਵਾਈਏ ਪੁੱਲ ਢਾਈ ਹਫਤਿਆਂ ਦੇ ਨਿਰਮਾਣ ਤੋਂ ਬਾਅਦ ਅੱਜ ਇੱਕ ਵਾਰ ਮੁੜ ਖੋਲ੍ਹ ਦਿੱਤਾ ਗਿਆ ਹੈ। ਕਾਰਾਂ ਦੇ ਇੱਕ ਲੰਬੇ ਕਾਫਲੇ ਨੇ ਪੁੱਲ ਪਾਰ ਕਰਨ ਨਾਲ ਪੁੱਲ ਦੀ ਮੁੜ ਸ਼ੁਰੂਆਤ ਕੀਤੀ ਜੋ ਕਿ ਟ੍ਰਾਂਸਪੋਰਟ ਏਜੰਸੀ ਨੇ 18 ਦਿਨਾਂ ਬਾਅਦ ਮੁੜ ਪੁਨਰ ਨਿਰਮਾਣ ਤੋਂ ਬਾਅਦ ਆਮ ਲੋਕਾਂ ਲਈ ਖੋਲ੍ਹਿਆ ਹੈ। ਕਾਰਾਂ ਨੇ ਸਵੇਰੇ 12.00 ਵਜੇ ਪੁੱਲ ਤੋਂ ਆਵਾਜਾਈ ਸ਼ੁਰੂ ਕੀਤੀ ਅਤੇ ਪੁੱਲ ਦੇ ਦੋਹਾਂ ਪਾਸੇ ਲਗਭਗ 300 ਕਾਰਾਂ ਦਾ ਵੱਡਾ ਕਾਫਲਾ ਪੁੱਲ ਪਾਰ ਕਰਨ ਵਿਚ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਸੀ। ਸਮਾਰੋਹ ਵਿਚ ਹਿੱਸਾ ਲੈਣ ਲਈ ਨਿਊਜ਼ੀਲੈਂਡ ਦੇ ਮੂਲ ਵਾਸੀ ਮਿਊਰੀਆਂ ਦਾ ਆਸ਼ੀਰਵਾਦ ਲਿਆ ਗਿਆ ਜਿਸ ਤੋਂ ਬਾਅਦ



ਆਵਾਜਾਈ ਦੇ ਲੰਘੇ ਦੀ ਆਗਿਆ ਦਿੱਤੀ ਗਈ। ਵੈਸਟਲੈਂਡ ਡਿਸਟ੍ਰਿਕਟ ਕਾਊਂਸਲ ਦੇ ਮੇਅਰ ਬਰੂਸ ਸਮਿਥ ਨੇ ਕਿਹਾ ਕਿ ਹਜ਼ਾਰਾਂ ਲੋਕਾਂ ਨੇ ਪੁੱਲ ਦੇ ਮੁੜ ਨਿਰਮਾਣ ਦੀ ਖੁਸ਼ੀ ਮਨਾਈ ਹੈ। ਉਨ੍ਹਾਂ ਕਿਹਾ ਕਿ ਸੈਰ ਸਪਾਟਾ ਖੇਤਰ ਜੋ ਕਿ ਸਾਡੀ ਅਰਥਵਿਵਸਥਾ ਦਾ ਇੱਕ ਮੁੱਢਲਾ ਹਿੱਸਾ ਹੈ ਇਸ ਪੁੱਲ ਖੁੱਲ੍ਹਣ ਨਾਲ ਹੋਰ ਵੀ ਪ੍ਰਫੁਲਿਤ ਹੋਵੇਗਾ

## ਨਿਊਜੀਲੈਂਡ 'ਚ ਘਰਾਂ ਦੀ ਵਿਕਰੀ ਵਿੱਚ ਭਾਰੀ ਗਿਰਾਵਟ

ਆਕਲੈਂਡ : (ਐਨ. ਜ਼ੈਡ. ਤਸਵੀਰ ਬਿਓਰੋ): ਦੇਸ਼ ਭਰ ਵਿੱਚ ਘਰਾਂ ਦੀਆਂ ਵਿਕਰੀਆਂ ਵਿੱਚ ਗਿਰਾਵਟ ਦਾ ਦੌਰ ਜਾਰੀ ਹੈ। ਆਕਲੈਂਡ ਨੂੰ ਛੱਡ ਕੇ, ਨਿਊਜ਼ੀਲੈਂਡ ਵਿੱਚ ਵੇਚੇ ਗਏ ਘਰਾਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ ਮਾਰਚ ਵਿੱਚ 10.5 ਫੀ ਸਦੀ ਘੱਟ ਗਈ। ਆਕਲੈਂਡ ਦੀ ਵਿਕਰੀ ਸਾਲ ਦਰ ਸਾਲ ਆਧਾਰ 'ਤੇ 18.2 ਫ਼ੀਸਦੀ ਦੀ ਗਿਰਾਵਟ ਆਈ ਹੈ - ਪਰ ਚਾਰ ਮਹੀਨਿਆਂ ਦੇ ਮੁਕਾਬਲੇ ਸ਼ਹਿਰ ਵਿੱਚ ਅਜੇ ਵੀ ਜ਼ਿਆਦਾ ਵਿਕਰੀ ਹੈ। ਜਿੰਸਬਰਨ ਦੇ ਕਾਰੋਬਾਰ ਵਿਚ ਸਭ ਤੋਂ ਵੱਡੀ ਗਿਰਾਵਟ ਆਈ ਹੈ, ਜਿਸ ਵਿਚ 33.3 ਫੀਸਦੀ ਦੀ ਵਿਕਰੀ ਹੋਈ ਹੈ।



ਰੀਅਲ ਅਸਟੇਟ ਇੰਸਟੀਚਿਊਟ ਦੇ ਮੁੱਖ ਕਾਰਜਕਾਰੀ Bindi Norwell ਨੇ ਕਿਹਾ, "ਅਜਿਹੇ ਸਮੇਂ ਜਦੋਂ ਵਿੱਕਰੀ ਦੀ ਵਿਕਰੀ ਆਮ ਤੌਰ 'ਤੇ ਬਹੁਤ ਮਜ਼ਬੂਤ ਹੁੰਦੀ ਹੈ ਅਤੇ ਦੇਸ਼ ਲਈ ਕੁੱਲ ਵਿਕਰੀ ਦੇ ਅੰਕੜੇ ਆਮ ਤੌਰ' ਤੇ 7000 ਅੰਕ ਦੇ ਮੁਕਾਬਲੇ ਜ਼ਿਆਦਾ ਹੁੰਦੇ ਹਨ। 6938 ਵਿਕਰੀ ਨਾਲ ਇਹ ਮਹੀਨੇ ਲਈ ਵੇਚੀਆਂ ਗਈਆਂ ਸੰਪਤੀਆਂ ਦੀ ਸਭ ਤੋਂ ਘੱਟ ਗਿਣਤੀ ਸੀ। "ਬੈਂਕਾਂ ਦੀ ਪੇਸ਼ਕਸ਼ ਤੇ ਕੁਝ ਮੁਕਾਬਲੇਬਾਜ਼ ਮੌਰਗੇਜ ਦਰਾਂ ਦੇ ਬਾਵਜੂਦ ਅਤੇ ਨੇੜੇ ਦੇ ਭਵਿੱਖ ਵਿੱਚ ਓ.ਸੀ.ਆਰ. ਦੀ ਕਮੀ ਦੀ ਸੰਭਾਵਨਾ ਦੇ ਬਾਵਜੂਦ, ਇਹ ਦਿਹਾੜੇ ਦੇ ਵਿਧਾਨਿਕ ਬਦਲਾਅ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ ਅਤੇ ਫੈਸਲਿਆਂ ਨੂੰ ਐਕਸੈਸ ਕਰਨ ਵਿੱਚ ਮੁਸ਼ਕਲ ਹੁਣ ਅਸਲ ਵਿੱਚ ਹਾਊਸਿੰਗ ਬਾਜ਼ਾਰ ਨੂੰ ਪ੍ਰਭਾਵਤ ਕਰਨ ਲਈ ਸ਼ੁਰੂ ਕਰ ਰਹੀ ਹੈ. ਉਮੀਦ ਹੈ, ਜਿਵੇਂ ਕਿ ਸਾਨੂੰ ਆਉਣ ਵਾਲੇ ਮਹੀਨਿਆਂ ਵਿੱਚ ਵਧੇਰੇ ਨਿਸ਼ਚਤਤਾ ਪ੍ਰਾਪਤ ਹੁੰਦੀ ਹੈ - ਖਾਸ ਤੌਰ ਤੇ 37" ਦੇ ਸਬੰਧ ਵਿੱਚ ਅਸੀਂ ਸਕ੍ਰਿਅ ਗ੍ਰਹਿਣ ਨੂੰ ਦੇਖਣਾ ਸ਼ੁਰੂ ਕਰ ਦੇਵਾਂਗੇ. ਹਾਲਾਂਕਿ, ਸਰਦੀ ਆਮ ਤੌਰ ਤੇ ਸਾਲ ਦਾ ਇੱਕ ਸ਼ਾਂਤ ਸਮਾਂ ਹੁੰਦਾ ਹੈ, ਇਸ ਲਈ ਸਮਾਂ ਦੱਸੇਗਾ ਕਿ ਵਿਕਰੀ ਵਾਲੀਅਮ ਅੱਗੇ ਜਾ ਰਿਹਾ ਹੈ. "।

## ਨਿਊਜੀਲੈਂਡ ਡਾਕਟਰ ਜਾਣਗੇ ਹੜਤਾਲ 'ਤੇ, ਮਰੀਜਾਂ 'ਤੇ ਪੈ ਸਕਦਾ ਹੜਤਾਲ ਦਾ ਅਸਰ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਜੇ ਤੁਸੀਂ ਸੋਚਦੇ ਹੋ ਕਿ ਧਰਨੇ ਅਤੇ ਹੜਤਾਲਾ ਸਿਰਫ ਭਾਰਤ ਵਿੱਚ ਹੀ ਹੁੰਦੀਆਂ ਹਨ ਤਾਂ ਤੁਸੀਂ ਗਲਤ ਸੋਚਦੇ ਹੋ ਕਿਉਂਕਿ ਵਿਦੇਸ਼ਾਂ ਵਿੱਚ ਵੀ ਇਹ ਸਭ ਕੁੱਝ ਚੱਲਦਾ ਹੈ। ਨਿਊਜੀਲੈਂਡ 'ਚ ਰੈਜ਼ੀਡੈਂਟ ਡਾਕਟਰਾਂ ਦੀ ਸ਼੍ਰੇਣੀ ਵਿੱਚ ਨਵੇਂ ਬਣੇ ਡਾਕਟਰ ਤੋਂ ਲੈ ਕੇ ਸਪੈਸ਼ਲਿਸਟ ਦੀ ਟ੍ਰੇਨਿੰਗ ਲੈ ਰਹੇ ਡਾਕਟਰਾਂ ਨੇ ਹੜਤਾਲ ਦਾ ਐਲਾਨ ਕਰ ਦਿੱਤਾ ਹੈ। ਇਹ ਹੜਤਾਲ 29 ਅਪ੍ਰੈਲ ਸਵੇਰੇ 8 ਵਜੇ ਸ਼ੁਰੂ ਹੋਏਗੀ ਅਤੇ ਸ਼ਨੀਵਾਰ 4 ਮਈ ਸਵੇਰੇ 8 ਵਜੇ ਤੱਕ ਚੱਲੇਗੀ। ਇਸ ਹੜਤਾਲ ਕਾਰਨ ਮਰੀਜਾਂ 'ਤੇ ਬੁਰਾ ਪ੍ਰਭਾਵ ਪੈਣਾ ਸੁਭਾਵਿਕ ਹੈ। ਨਿਊਜੀਲੈਂਡ ਡਾਕਟਰ ਵਧੀਆਂ ਤਨਖਾਹਾਂ ਅਤੇ ਆਪਣੇ ਕੰਮ 'ਚ ਸੁਧਾਰ ਨੂੰ ਲੈ ਕੇ ਹੜਤਾਲ 'ਤੇ ਜਾ ਰਹੇ ਹਨ। ਇਸ ਤੋਂ ਪਹਿਲਾਂ ਵੀ ਕੁੱਝ ਮਹੀਨੇ ਪਹਿਲਾਂ ਵੀ ਅਜਿਹੀ ਹੜਤਾਲ ਹੋ ਚੁੱਕੀ ਹੈ।

## ਨਿਊਜੀਲੈਂਡ 'ਚ ਇਨ੍ਹਾਂ ਹਥਿਆਰਾ 'ਤੇ ਲੱਗੇ ਹੈ ਰੋਕ

ਵੈਲਿੰਗਟਨ,-ਨਿਊਜ਼ੀਲੈਂਡ 'ਚ ਹੁਣ ਮਿਲਟਰੀ ਸਟਾਈਲ ਹਥਿਆਰ ਰੱਖਣ 'ਤੇ ਰੋਕ ਲਗਾ ਦਿੱਤੀ ਗਈ ਹੈ। ਨਿਊਜ਼ੀਲੈਂਡ ਦੇ ਗਵਰਨਰ ਜਨਰਲ ਨੇ ਵੀਰਵਾਰ ਨੂੰ ਇਸ 'ਤੇ ਰੋਕ ਲਗਾਉਣ ਸਬੰਧੀ ਬਿੱਲ ਨੂੰ ਹਰੀ ਝੰਡੀ ਦੇ ਦਿੱਤੀ। ਕ੍ਰਾਈਸਟਚਰਚ 'ਚ ਪਿਛਲੇ ਮਹੀਨੇ 2 ਮਸਜਿਦਾਂ 'ਤੇ ਕੀਤੀ ਗਈ ਗੋਲੀਬਾਰੀ ਦੇ ਬਾਅਦ ਇਹ ਨਵਾਂ ਕਾਨੂੰਨ ਲਿਆਂਦਾ ਗਿਆ ਹੈ। ਇਸ ਗੋਲੀਬਾਰੀ 'ਚ 50 ਲੋਕਾਂ ਦੀ ਜਾਨ ਚਲੇ ਗਈ ਸੀ। ਕ੍ਰਾਈਸਟਚਰਚ 'ਚ ਹੋਈ ਘਟਨਾ ਤੋਂ ਬਾਅਦ ਹੀ ਨਿਊਜ਼ੀਲੈਂਡ 'ਚ ਨਿੱਜੀ ਤੌਰ 'ਤੇ ਹਥਿਆਰ ਰੱਖਣ ਸਬੰਧੀ ਸਖਤ ਕਾਨੂੰਨ ਬਣਾਏ ਜਾਣ ਦੀ ਮੰਗ ਕੀਤੀ ਜਾ ਰਹੀ ਸੀ। ਗਵਰਨਰ ਜਨਰਲ ਪਾਟਸੀ ਰੈਡੀ ਨੇ ਬਿੱਲ 'ਤੇ ਦਸਤਖਤ ਕੀਤੇ। ਪੁਲਸ ਦਾ ਕਹਿਣਾ ਹੈ ਕਿ ਰੋਕ ਲੱਗੇ ਹਥਿਆਰਾਂ ਨੂੰ ਵਾਪਸ ਲੈਣ ਲਈ ਇਕ ਪ੍ਰੋਗਰਾਮ ਦੀ ਘੋਸ਼ਣਾ ਕੀਤੀ ਜਾਵੇਗੀ। ਇਹ ਹਥਿਆਰ ਅੱਧੀ ਰਾਤ ਤੋਂ ਹੀ ਗੈਰ-ਕਾਨੂੰਨੀ ਸ਼੍ਰੇਣੀ 'ਚ ਆ ਜਾਣਗੇ। ਹੁਣ ਕੋਈ ਵੀ ਨਿੱਜੀ ਤੌਰ 'ਤੇ ਮਿਲਟਰੀ ਸਟਾਈਲ ਸੈਮੀ-ਆਟੋਮੈਟਿਕ ਗੰਨ ਜਾਂ ਹਥਿਆਰ ਨਹੀਂ ਰੱਖ ਸਕੇਗਾ। ਨਿਊਜ਼ੀਲੈਂਡ ਦੀ ਸੰਸਦ 'ਚ ਇਸ ਸਬੰਧੀ ਬਿੱਲ 119-1 ਵੋਟਾਂ ਨਾਲ ਪਾਸ ਹੋਇਆ, ਭਾਵ ਸਿਰਫ ਇਕ ਹੀ ਐੱਮ. ਪੀ. ਨੇ ਇਸ ਦਾ ਵਿਰੋਧ ਕੀਤਾ। ਜ਼ਿਕਰਯੋਗ ਹੈ ਕਿ ਆਸਟ੍ਰੇਲੀਅਨ ਮੂਲ ਦੇ ਦੋਸ਼ੀ ਨੂੰ 50 ਵਿਅਕਤੀਆਂ ਦਾ ਕਤਲ ਕਰਨ ਦੇ ਦੋਸ਼ 'ਚ ਹਿਰਾਸਤ 'ਚ ਲੈ ਲਿਆ ਗਿਆ ਸੀ ਅਤੇ ਉਸ 'ਤੇ ਕੇਸ ਚੱਲ ਰਿਹਾ ਹੈ।

## ਦੀਪਾ ਮਲਿਕ ਨੂੰ ਨਿਊਜ਼ੀਲੈਂਡ ਦੀ ਪ੍ਰਧਾਨਮੰਤਰੀ ਵਲੋਂ 'ਸਰ ਐਡਮੰਡ ਹਿਲੇਰੀ ਫੈਲੋਸ਼ਿਪ' 2019 ਲਈ ਚੁਣਿਆ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਰਿਓ ਓਲੰਪਿਕ ਦੀ ਚਾਂਦੀ ਤਮਗ਼ਾ ਜੇਤੂ ਦੀਪਾ ਮਲਿਕ ਨੂੰ ਵੀਰਵਾਰ ਨੂੰ ਉਸਦੀ ਪ੍ਰੇਰਣਾਦਾਇਕ ਉਪਲੱਬਧੀ ਲਈ ਵੀਰਵਾਰ ਨੂੰ ਨਿਊਜ਼ੀਲੈਂਡ ਦੇ ਪ੍ਰਧਾਨਮੰਤਰੀ ਵਲੋਂ 'ਸਰ ਐਡਮੰਡ ਹਿਲੇਰੀ ਫੈਲੋਸ਼ਿਪ' 2019 ਲਈ ਚੁਣਿਆ ਗਿਆ। ਰਿਓ ਓਲੰਪਿਕ 2016 ਵਿਚ ਸ਼ਾਟਪੁੱਟ ਦੀ ਐੱਫ 53 ਮੁਕਾਬਲੇ ਵਿਚ ਚਾਂਦੀ ਤਮਗ਼ਾ ਜਿੱਤਣ ਵਾਲੀ 48 ਸਾਲਾ ਦੀਪਾ ਭਾਰਤ ਅਤੇ ਨਿਊਜ਼ੀਲੈਂਡ ਵਿਚਾਲੇ ਖੇਡ, ਸੰਸਕ੍ਰਿਤੀ ਅਤੇ ਲੋਕਾਂ ਵਿਚਾਲੇ ਆਪਸੀ ਸਬੰਧ ਮਜ਼ਬੂਤ ਕਰਨ ਦਾ ਕੰਮ ਕਰੇਗੀ। ਨਿਊਜ਼ੀਲੈਂਡ ਹਾਈ ਕਮੀਸ਼ਨ ਨੇ ਪ੍ਰੈਸ ਰਿਲੀਜ਼ 'ਚ ਕਿਹਾ, "ਸਾਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ 2019 ਲਈ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਵੱਲੋਂ 'ਸਰ ਐਡਮੰਡ ਹਿਲੇਰੀ ਫੈਲੋਸ਼ਿਪ' ਨਾਲ ਭਾਰਤੀ ਪੈਰਾਲੰਪਿਕ ਐਥਲੀਟ ਦੀਪਾ ਮਲਿਕ ਨੂੰ ਸਨਮਾਨਿਤ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਜੇਸਿੰਡਾ ਆਰਡਰਨ ਵਲੋਂ ਦਿਤੀ ਗਈ ਇਸ ਫੈਲੋਸ਼ਿਪ ਦਾ ਮਕਸਦ ਭਾਰਤ ਅਤੇ ਨਿਊਜ਼ੀਲੈਂਡ ਵਿਚਾਲੇ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ।" ਇਸ ਫੈਲੋਸ਼ਿਪ ਦੇ ਤਹਿਤ ਦੀਪਾ




ਨਿਊਜ਼ੀਲੈਂਡ ਦੌਰੇ 'ਤੇ ਜਾ ਕੇ ਪ੍ਰਧਾਨ ਮੰਤਰੀ ਜੇਸਿੰਡਾ ਆਰਡਰਨ ਤੋਂ ਮਿਲੇਗੀ। ਪੈਰਾਲੰਪਿਕ ਖੇਡ ਸੰਗਠਨਾ ਦੇ ਦੌਰੇ ਕਰੇਗੀ ਅਤੇ ਨਿਊਜ਼ੀਲੈਂਡ ਦੇ ਐਥਲੀਟਾਂ, ਵਿਦਿਆਰਥੀਆਂ ਅਤੇ ਮੀਡੀਆ ਤੋਂ ਇਲਾਵਾ ਭਾਰਤੀ ਲੋਕਾਂ ਨਾਲ ਵੀ ਮਿਲੇਗੀ। ਦੀਪਾ 2016 ਵਿਚ ਪੈਰਾਲੰਪਿਕ ਖੇਡਾਂ ਵਿਚ ਤਮਗਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਖਿਡਾਰੀ ਬਣੀ ਸੀ। ਉਹ ਲਗਾਤਾਰ 3 ਏਸ਼ੀਆਈ ਪੈਰਾ ਖੇਡਾਂ 2010, 2014 ਅਤੇ 2018 ਵਿਚ ਤਮਗਾ ਜਿੱਤਣ ਵਾਲੀ ਇਕਲੌਤੀ ਭਾਰਤੀ ਖਿਡਾਰਨ ਹੈ। ਉਹ ਪਦਮਸ਼੍ਰੀ ਅਤੇ ਅਰਜੁਨ ਪੁਰਸਕਾਰ ਜੇਤੂ ਵੀ ਹੈ।